# ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com


ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 4165 — ਮਿਤੀ: 16/12/22

**ਵਿਸ਼ਾ:-** **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 16/12/2022 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ:68,69,70 ਮਿਤੀ 16/12/2022 ਦੀ ਨਕਲ ਆਪ ਜੀ ਨੂੰ ਸੂਚਨਾਂ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

o/c

ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰ: 4166-4169 — ਮਿਤੀ: 16/12/22

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

o/c

ਸੁਪਰਡੰਟ,
ਨਗਰ ਨਿਗਮ, ਫਗਵਾੜਾ।

Scanned with CamScanner

# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com


ਮਿਤੀ:16.12.2022 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ: | ਤਜ਼ਵੀਜ਼ | ਹੁਕਮ ਨੰ: | ਫੈਸਲਾ |
|---|---|---|---|
| 1 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਕਿ ਗੁਰਦਿੱਤਾ ਚੌਕ ਹਦਿਆਬਾਦ ਫਗਵਾੜਾ ਦੇ ਇਲਾਕਾ ਨਿਵਾਸੀਆ ਵੱਲੋ ਪਾਣੀ ਦੀ ਲਾਈਨ ਜਗ੍ਹਾ ਜਗ੍ਹਾ ਤੋ ਖਰਾਬ ਹੋਣ ਕਾਰਣ ਗੰਦੇ ਪਾਣੀ ਦੀ ਸ਼ਿਕਾਇਤ ਕੀਤੀ ਗਈ ਸੀ। ਜਿਸ ਤੋ ਬਾਅਦ ਇਸ ਜਗ੍ਹਾ ਦਾ ਮੋਕਾ ਦੇਖਿਆ ਗਿਆ ਅਤੇ ਪਾਣੀ ਦੀ ਲਾਈਨ ਦੀ ਹਾਲਤ ਖਸਤਾ ਪਾਈ ਗਈ ਹੈ। ਜਿਸਨੂੰ ਜਲਦ ਤੋ ਜਲਦ ਬਦਲਨਾ ਜਰੂਰੀ ਹੈ। ਤਾਕਿ ਇਲਾਕਾ ਨਿਵਾਸੀਆ ਦੀ ਗੰਦੇ ਪਾਣੀ ਦੀ ਸਮੱਸਿਆ ਦੂਰ ਕੀਤੀ ਜਾ ਸਕੇ। ਇਸ ਜਗ੍ਹਾ ਤੇ ਸੜਕ ਦੇ ਬਾਹਰੋ ਬਾਹਰ 2 ਇੰਚੀ ਵਾਟਰ ਸਪਲਾਈ ਪਾਉਣ ਲਈ ਤਖਮੀਨਾ ਤਿਆਰ ਕੀਤਾ ਗਿਆ ਹੈ। ਤਖਮੀਨੇ ਮੁਤਾਬਕ ਇਸ ਜਗ੍ਹਾ ਤੇ ਲਗਭਗ 424 ਮੀਟਰ ਲੰਬੀ ਪਾਈਪ ਲਾਈਨ ਗਲੀ ਵਿੱਚ ਦੋਨੋ ਪਾਸੇ ਪਾਉਣੀ ਜਰੂਰੀ ਹੈ ਅਤੇ ਇਸ ਨੂੰ ਪਾਉਣ ਵਿੱਚ 4.63 ਲੱਖ ਰੁਪਏ ਦਾ ਖਰਚ ਆਉਣ ਦੀ ਸੰਭਾਵਨਾ ਹੈ। ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ (ਸਥਾਨਕ ਸਰਕਾਰ-3 ਸ਼ਾਖਾ) ਦੇ ਮੀਮੋ ਨੰਬਰ:3/27/2022-1ਸਸ3/1935 ਮਿਤੀ 10.10.2022 ਰਾਹੀਂ ਜਾਰੀ ਸ਼ਹਿਰੀ ਸੰਸਥਾਵਾਂ ਦੇ ਮਤਿਆਂ ਸਬੰਧੀ ਹਦਾਇਤਾਂ/ਦਿਸ਼ਾ-ਨਿਰਦੇਸ਼ ਦੀ ਪਾਲਣਾ ਹਿੱਤ ਨਗਰ ਨਿਗਮ ਫਗਵਾੜਾ ਵੱਲੋਂ ਗਠਿਤ ਕਮੇਟੀ ਵੱਲੋਂ ਮਤਾ ਪ੍ਰਵਾਨ ਕਰਨ ਉਪਰੰਤ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ। | 68 | **As per recommendation of Superintendent Engineering, the proposal is approved**<br><br>-ਸਹੀ/-<br>ਕਮਿਸ਼ਨਰ/ਪ੍ਰਸ਼ਾਸਕ |
| 2 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਕਿ ਮੁਹੱਲਾ ਪੁਰਾਣਾ ਸਤਨਾਮਪੁਰਾ, ਫਗਵਾੜਾ ਦੇ ਇਲਾਕਾ ਨਿਵਾਸੀਆ ਵੱਲੋ ਪਾਣੀ ਦੀ ਲਾਈਨ ਜਗ੍ਹਾ ਜਗ੍ਹਾ ਤੋ ਖਰਾਬ ਹੋਣ ਕਾਰਣ ਗੰਦੇ ਪਾਣੀ ਦੀ ਸ਼ਿਕਾਇਤ ਕੀਤੀ ਗਈ ਸੀ। ਜਿਸ ਤੋ ਬਾਅਦ ਇਸ ਜਗ੍ਹਾ ਦਾ ਮੋਕਾ ਦੇਖਿਆ ਗਿਆ ਅਤੇ ਪਾਣੀ ਦੀ ਲਾਈਨ ਦੀ ਹਾਲਤ ਖਸਤਾ ਪਾਈ ਗਈ ਹੈ। ਜਿਸਨੂੰ ਜਲਦ ਤੋ ਜਲਦ ਬਦਲਨਾ ਜਰੂਰੀ ਹੈ। ਇਸ ਜਗ੍ਹਾ ਤੇ ਸੜਕ ਦੇ ਬਾਹਰੋ ਬਾਹਰ 2 ਇੰਚੀ ਵਾਟਰ ਸਪਲਾਈ ਪਾਉਣ ਲਈ ਤਖਮੀਨਾ ਤਿਆਰ ਕੀਤਾ ਗਿਆ ਹੈ। ਤਖਮੀਨੇ ਮੁਤਾਬਕ ਇਸ ਜਗ੍ਹਾ ਤੇ ਲਗਭਗ 5860 ਫੁੱਟ ਲੰਬੀ ਪਾਈਪ ਲਾਈਨ ਗਲੀ ਵਿੱਚ ਦੋਨੋ ਪਾਸੇ ਪਾਉਣੀ ਜਰੂਰੀ ਹੈ ਅਤੇ ਇਸ ਨੂੰ ਪਾਉਣ ਵਿੱਚ 14.40 ਲੱਖ ਰੁਪਏ ਦਾ ਖਰਚ ਆਉਣ ਦੀ ਸੰਭਾਵਨਾ ਹੈ। ਉਕਤ ਕੰਮ ਨੂੰ ਕਰਾਉਣ ਲਈ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ (ਸਥਾਨਕ ਸਰਕਾਰ-3 ਸ਼ਾਖਾ) ਦੇ ਮੀਮੋ ਨੰਬਰ:3/27/2022-1ਸਸ3/1935 ਮਿਤੀ 10.10.2022 ਰਾਹੀਂ ਜਾਰੀ ਸ਼ਹਿਰੀ ਸੰਸਥਾਵਾਂ ਦੇ ਮਤਿਆਂ ਸਬੰਧੀ ਹਦਾਇਤਾਂ/ਦਿਸ਼ਾ-ਨਿਰਦੇਸ਼ ਦੀ ਪਾਲਣਾ ਹਿੱਤ ਨਗਰ ਨਿਗਮ ਫਗਵਾੜਾ ਵੱਲੋਂ ਗਠਿਤ ਕਮੇਟੀ ਵੱਲੋਂ ਮਤਾ ਪ੍ਰਵਾਨ ਕਰਨ ਉਪਰੰਤ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ। | 69 | **As per recommendation of Superintendent Engineering, the proposal is approved**<br><br>-ਸਹੀ/-<br>ਕਮਿਸ਼ਨਰ/ਪ੍ਰਸ਼ਾਸਕ |

Scanned with CamScanner

# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com


| | | | |
|---|---|---|---|
| 3 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਕਿ ਉਪ ਮੰਡਲ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਫਗਵਾੜਾ ਵੱਲੋ ਪੱਤਰ ਨੰ: 735 ਮਿਤੀ 18-08-2022 ਰਾਹੀ ਸੂਚਿਤ ਕੀਤਾ ਗਿਆ ਹੈ ਕਿ ਮੁਹੱਲਾ ਰਿਜੈਂਸੀ ਟਾਉਨ ਫਗਵਾੜਾ ਵਿਖੇ ਟਿਊਬਵੈਲ ਦਾ ਬੋਰ ਫੇਲ ਹੋ ਗਿਆ ਹੈ। ਜਿਸ ਤੋ ਬਾਅਦ ਇਸ ਟਿਊਬਵੈਲ ਦਾ ਮੌਕਾ ਨਿਗਰਾਨ ਇੰਜੀਨੀਅਰ ਨਗਰ ਨਿਗਮ ਫਗਵਾੜਾ ਜੀ ਵੱਲੋ ਦੇਖਿਆ ਗਿਆ। ਇਹ ਟਿਊਬਵੈਲ ਪਿਛਲੇ ਲੰਬੇ ਸਮੇ ਤੋ ਬੰਦ ਪਿਆ ਹੈ, ਜਿਸ ਕਾਰਣ ਇਲਾਕਾ ਨਿਵਾਸੀਆ ਨੂੰ ਪਾਣੀ ਨਹੀ ਮਿਲ ਰਿਹਾ ਹੈ। ਇਸ ਲਈ ਇਸ ਜਗ੍ਹਾ ਤੇ ਨਵਾਂ ਬੋਰ ਕਰਨਾ ਜਰੂਰੀ ਹੈ। ਉਕਤ ਬੋਰ ਕਰਣ ਵਾਸਤੇ ਤਖਮੀਨਾ ਤਿਆਰ ਕਰ ਲਿਆ ਗਿਆ ਹੈ। ਤਖਮੀਨੇ ਮੁਤਾਬਕ ਇਸ ਤੇ ਤਕਰੀਬਨ 22.47 ਲੱਖ ਰੂਪਏ ਦਾ ਖਰਚ ਆਉਣ ਦੀ ਸੰਭਾਵਨਾ ਹੈ। ਇਹ ਤਖਮੀਨਾ ਸੀ.ਐਸ.ਆਰ ਦੇ ਰੇਟ ਮੁਤਾਬਕ ਤਿਆਰ ਕੀਤਾ ਗਿਆ ਹੈ। ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ (ਸਥਾਨਕ ਸਰਕਾਰ-3 ਸ਼ਾਖਾ) ਦੇ ਮੀਮੋ ਨੰਬਰ:3/27/2022-1ਸਸ3/1935 ਮਿਤੀ 10.10.2022 ਰਾਹੀਂ ਜਾਰੀ ਸ਼ਹਿਰੀ ਸੰਸਥਾਵਾਂ ਦੇ ਮਤਿਆਂ ਸਬੰਧੀ ਹਦਾਇਤਾਂ/ਦਿਸ਼ਾ-ਨਿਰਦੇਸ਼ ਦੀ ਪਾਲਣਾ ਹਿੱਤ ਨਗਰ ਨਿਗਮ ਫਗਵਾੜਾ ਵੱਲੋਂ ਗਠਿਤ ਕਮੇਟੀ ਵੱਲੋਂ ਮਤਾ ਪ੍ਰਵਾਨ ਕਰਨ ਉਪਰੰਤ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ। | 70 | **As per recommendation of Superintendent Engineering, the proposal is approved**<br><br>-ਸਹੀ/-<br>ਕਮਿਸ਼ਨਰ/ਪ੍ਰਸ਼ਾਸਕ |

ਤਸਦੀਕੀ ਕਾਪੀ

ਸੁਪਰਡੰਟ,
ਨਗਰ ਨਿਗਮ,ਫਗਵਾੜਾ

Scanned with CamScanner